# ਦੁਰਵਿਵਹਾਰ, ਲਾਪਰਵਾਹੀ, ਸ਼ੋਸ਼ਣ ਜਾਂ ਨੁਕਸਾਨ ਦੇ ਖਤਰੇ ਵਾਲੇ ਵਿਅਕਤੀਆਂ ਦੀ ਸਹਾਇਤਾ ਕਰਨਾ ਤਾਂ ਜੋ ਉਹ ਸੁਰੱਖਿਅਤ ਰਹਿ ਸਕਣ

## ਮੈਂ ਕਿਸ ਨਾਲ ਗੱਲ ਕਰ ਸਕਦਾ/ਸਕਦੀ ਹਾਂ/ਮੈਂ ਕੀ ਕਰਾਂ?

- ਜੇ ਤੁਹਾਡੇ ਨਾਲ ਦੁਰਵਿਵਹਾਰ ਹੋ ਰਿਹਾ ਹੈ, ਤਾਂ ਕਿਸੇ ਭਰੋਸੇਯੋਗ ਵਿਅਕਤੀ ਨੂੰ ਦੱਸੋ
- ਜੇ ਤੁਹਾਨੂੰ ਕਿਸੇ ਹੋਰ ਵਿਅਕਤੀ ਬਾਰੇ ਚਿੰਤਾ ਹੈ, ਤਾਂ ਪਤਾ ਕਰੋ ਕਿ ਤੁਸੀਂ ਉਸ ਦੀ ਕਿਵੇਂ ਮਦਦ ਕਰ ਸਕਦੇ ਹੋ
- ਜੇ ਤੁਸੀਂ ਕਿਸੇ ਨੂੰ ਮੁਸ਼ਕਲ ਹਾਲਾਤਾਂ ਵਿੱਚ ਸੰਭਾਲ ਰਹੇ ਹੋ, ਤਾਂ ਸਮਾਜਿਕ ਸੇਵਾਵਾਂ ਜਾਂ ਦੇਖਭਾਲਕਰਤਾਵਾਂ ਦੇ ਸੰਗਠਨ ਤੋਂ ਜਲਦੀ ਮਦਦ ਲਵੋ
- ਜਿੰਨੀ ਜਲਦੀ ਹੋ ਸਕੇ ਆਪਣੀ ਚਿੰਤਾ ਦੀ ਸੂਚਨਾ ਦਿਓ – ਸੰਪਰਕ ਜਾਣਕਾਰੀ ਹੇਠਾਂ ਦਿੱਤੀ ਗਈ ਹੈ
- ਜੇਕਰ ਤੁਹਾਡੇ ਨਾਲ ਦੁਰਵਿਵਹਾਰ ਹੋ ਰਿਹਾ ਹੈ, ਤਾਂ ਕਿਸੇ ਭਰੋਸੇਮੰਦ ਵਿਅਕਤੀ ਨੂੰ ਦੱਸੋ ਜਾਂ ਕੌਂਸਲ ਦੀ ਪਹਿਲੀ ਸੰਪਰਕ ਟੀਮ ਨੂੰ **020 8708 7333** ਜਾਂ **020 8553 5825** (ਸ਼ਾਮ, ਵੀਕਐਂਡ ਅਤੇ ਜਨਤਕ ਛੁੱਟੀਆਂ ਨੂੰ) 'ਤੇ ਕਾਲ ਕਰੋ

## ਮੇਰੀਆਂ ਚਿੰਤਾਵਾਂ ਦਾ ਕੀ ਹੋਵੇਗਾ?

ਅਸੀਂ ਤੁਹਾਡੀਆਂ ਚਿੰਤਾਵਾਂ ਨੂੰ ਗੰਭੀਰਤਾ ਨਾਲ ਲਵਾਂਗੇ। ਜੇਕਰ ਕੋਈ ਖ਼ਤਰੇ ਵਿੱਚ ਹੈ, ਤਾਂ ਉਸਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਬਹੁਤ ਮਹੱਤਵਪੂਰਨ ਹੋਵੇਗਾ।

ਅਸੀਂ ਜਿਸ ਵਿਅਕਤੀ ਬਾਰੇ ਚਿੰਤਾ ਹੋਈ ਹੈ, ਉਸਨੂੰ ਸਾਰੇ ਫੈਸਲੇ ਲੈਣ ਦੀ ਪ੍ਰਕਿਰਿਆ ਵਿੱਚ ਸ਼ਾਮਲ ਕਰਾਂਗੇ ਅਤੇ ਉਨ੍ਹਾਂ ਨੂੰ ਇਸ ਬਾਰੇ ਚਰਚਾ ਕਰਨ ਲਈ ਮੀਟਿੰਗਾਂ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਜਾਵੇਗਾ। ਉਹ ਆਪਣੇ ਪ੍ਰਤੀਨਿਧੀ/ਵਕੀਲ ਨਾਲ ਇਨ੍ਹਾਂ ਮੀਟਿੰਗਾਂ ਵਿੱਚ ਸ਼ਾਮਲ ਹੋ ਸਕਣਗੇ।

ਸਿਖਲਾਈ ਪ੍ਰਾਪਤ ਸਟਾਫ ਸੰਵੇਦਨਸ਼ੀਲ ਤਰੀਕੇ ਨਾਲ ਜਾਂਚ ਜਾਂ ਮੁਲਾਂਕਣ ਕਰੇਗਾ, ਤਾਂ ਜੋ ਤੁਹਾਨੂੰ ਜਾਂ ਜਿਸ ਵਿਅਕਤੀ ਬਾਰੇ ਚਿੰਤਾ ਹੈ, ਉਸਨੂੰ ਸਭ ਤੋਂ ਵਧੀਆ ਸਹਾਇਤਾ ਕਿਵੇਂ ਦਿੱਤੀ ਜਾਵੇ, ਇਹ ਨਿਰਧਾਰਤ ਕੀਤਾ ਜਾ ਸਕੇ।

ਦਿੱਤੀ ਜਾਣ ਵਾਲੀ ਮਦਦ ਅਤੇ ਕੀ ਕੀਤਾ ਜਾਵੇਗਾ, ਇਹ ਹਾਲਾਤਾਂ ਅਤੇ ਜਾਂਚ ਜਾਂ ਮੁਲਾਂਕਣ ਦੇ ਨਤੀਜਿਆਂ 'ਤੇ ਨਿਰਭਰ ਕਰੇਗਾ।

ਉਹਨਾਂ ਦੇਖਭਾਲਕਰਤਾਵਾਂ ਨੂੰ ਸਹਾਇਤਾ ਦਿੱਤੀ ਜਾਵੇਗੀ ਜੋ ਉਸ ਵਿਅਕਤੀ ਨੂੰ ਨੁਕਸਾਨ ਪਹੁੰਚਾਉਣ ਬਾਰੇ ਚਿੰਤਤ ਹਨ ਜਿਸਦੀ ਉਹ ਦੇਖ-ਭਾਲ ਕਰ ਰਹੇ ਹਨ।

# ਮਦਦ ਪ੍ਰਾਪਤ ਕਰਨਾ

ਆਪਣੇ ਬਾਰੇ ਜਾਂ ਕਿਸੇ ਅਜਿਹੇ ਵਿਅਕਤੀ ਬਾਰੇ ਜਿਸ ਬਾਰੇ ਤੁਸੀਂ ਚਿੰਤਤ ਹੋ, ਜਿੰਨੀ ਜਲਦੀ ਹੋ ਸਕੇ ਆਪਣੀ ਕਿਸੇ ਵੀ ਚਿੰਤਾ ਦੀ ਰਿਪੋਰਟ ਕਰੋ

## ਪਹਿਲੀ ਸੰਪਰਕ ਟੀਮ

ਸੋਮਵਾਰ ਤੋਂ ਸ਼ੁੱਕਰਵਾਰ, ਸਵੇਰ 09:00 ਵਜੇ ਤੋਂ ਸ਼ਾਮ 05:00 ਵਜੇ

**020 8708 7333**

ਈਮੇਲ: adults.alert@redbridge.gov.uk

## ਐਮਰਜੈਂਸੀ ਡਿਊਟੀ ਟੀਮ

ਸ਼ਾਮ 05:00 ਵਜੇ ਤੋਂ, ਵੀਕਐਂਡ ਅਤੇ ਜਨਤਕ ਛੁੱਟੀਆਂ ਨੂੰ

**020 8553 5825**

## ਪੁਲਿਸ

**ਐਮਰਜੈਂਸੀ ਨਾ ਹੋਣ ‘ਤੇ 101**

ਐਮਰਜੈਂਸੀ ਵਿੱਚ ਡਾਇਲ ਕਰੋ **999**

## Samaritans (ਸਾਮਰਿਟੰਸ)

**116 123** (ਮੁਫ਼ਤ ਕਾਲਾਂ)

## ਸੰਪਰਕ ਸੇਵਾ

ਘਰੇਲੂ ਹਿੰਸਾ ਵਿੱਚ ਸਹਾਇਤਾ ਲਈ

**0800 1456410**

ਈਮੇਲ: reachout@redbridge.gov.uk


ਜਾਂ ਕੰਮ ਦੇ ਘੰਟਿਆਂ ਤੋਂ ਬਾਅਦ **Refuge (ਰੀਫਿਊਜ)** ਨੂੰ
**0808 2000 247** ‘ਤੇ ਕਾਲ ਕਰੋ

**ਵਧੇਰੇ ਜਾਣਕਾਰੀ, ਸਲਾਹ ਅਤੇ ਸੰਪਰਕ ਨੰਬਰ ਹੇਠ ਲਿਖੀ ਵੈੱਬਸਾਈਟ 'ਤੇ ਉਪਲਬਧ ਹਨ:**

**www.redbridge.gov.uk**

Redbridge Safeguarding Adults

## ਰੈੱਡਬ੍ਰਿਜ ਬਾਲਗ ਸੁਰੱਖਿਆ ਬੋਰਡ



# ਰੈੱਡਬ੍ਰਿਜ ਵਿੱਚ ਬਾਲਗਾਂ ਦੀ ਸੁਰੱਖਿਆ - ਮਿਲ ਕੇ ਅਸੀਂ ਦੁਰਵਿਵਹਾਰ ਨੂੰ ਰੋਕ ਸਕਦੇ ਹਾਂ

ਦੁਰਵਿਵਹਾਰ, ਲਾਪਰਵਾਹੀ, ਸ਼ੋਸ਼ਣ ਜਾਂ ਨੁਕਸਾਨ ਦੇ ਖਤਰੇ ਵਾਲੇ ਵਿਅਕਤੀਆਂ ਦੀ ਸਹਾਇਤਾ ਕਰਨਾ ਤਾਂ ਜੋ ਉਹ ਸੁਰੱਖਿਅਤ ਰਹਿ ਸਕਣ

NHS North East London

Metropolitan Police — Working together for a safer London

NELFT NHS — NHS Foundation Trust

London Borough of Redbridge





## ਲੋਕਾਂ ਨੂੰ ਸੁਰੱਖਿਅਤ ਰੱਖਣ ਲਈ ਕੰਮ ਕਰਨਾ

ਹਰ ਕਿਸੇ ਨੂੰ ਸੁਰੱਖਿਅਤ ਮਹਿਸੂਸ ਕਰਨ, ਅਤੇ ਦੁਰਵਿਵਹਾਰ, ਅਣਗਹਿਲੀ ਜਾਂ ਸ਼ੋਸ਼ਣ ਦੇ ਡਰ ਤੋਂ ਬਿਨਾਂ ਜੀਣ ਦਾ ਅਧਿਕਾਰ ਹੈ। ਰੈੱਡਬ੍ਰਿਜ ਬਾਲਗ ਸੁਰੱਖਿਆ ਬੋਰਡ ਦੇ ਭਾਗੀਦਾਰ ਸੰਗਠਨ, ਜਿਨ੍ਹਾਂ ਵਿੱਚ ਸਥਾਨਕ ਪ੍ਰਸ਼ਾਸਨ, ਸਿਹਤ ਸੇਵਾਵਾਂ ਅਤੇ ਪੁਲਿਸ ਸ਼ਾਮਲ ਹਨ, ਉਹ ਉਹਨਾਂ ਵੱਡੇ ਉਮਰ ਦੇ ਵਿਅਕਤੀਆਂ ਲਈ ਜ਼ਿੰਦਗੀ ਨੂੰ ਹੋਰ ਸੁਰੱਖਿਅਤ ਬਣਾਉਣ ਲਈ ਕੰਮ ਕਰ ਰਹੇ ਹਨ ਜੋ ਨੁਕਸਾਨ ਦੇ ਸਭ ਤੋਂ ਵੱਧ ਜੋਖਮ ਵਿੱਚ ਹਨ।

ਤੁਸੀਂ ਇਸ ਕੰਮ ਵਿੱਚ ਮਦਦ ਕਰ ਸਕਦੇ ਹੋ ਜੇ ਤੁਸੀਂ ਜਾਣੂ ਰਹੋ ਕਿ ਸ਼ੋਸ਼ਣ ਹੋ ਸਕਦਾ ਹੈ। ਤੁਸੀਂ ਦੁਰਵਿਵਹਾਰ ਦੇ ਸੰਕੇਤਾਂ ਵੱਲ ਧਿਆਨ ਦੇ ਕੇ ਅਤੇ ਆਪਣੀਆਂ ਕਿਸੇ ਵੀ ਚਿੰਤਾਵਾਂ ਦੀ ਰਿਪੋਰਟ ਕਰਕੇ ਫ਼ਰਕ ਪਾ ਸਕਦੇ ਹੋ।

## ਜੋ ਬਾਲਗ ਜੋਖਮ ਵਿੱਚ ਹਨ, ਉਹ ਕੌਣ ਹਨ?

ਜੋ ਵਿਅਕਤੀ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹਨ ਅਤੇ:

- ਜਿਨ੍ਹਾਂ ਨੂੰ ਕਿਸੇ ਅਪਾਹਜਤਾ ਜਾਂ ਬਿਮਾਰੀ ਕਾਰਨ ਉਨ੍ਹਾਂ ਨੂੰ ਦੇਖਭਾਲ ਅਤੇ ਸਹਾਇਤਾ ਦੀ ਲੋੜ ਹੋ ਸਕਦੀ ਹੈ; ਅਤੇ
- ਜੋ ਦੁਰਵਿਵਹਾਰ ਜਾਂ ਅਣਗਹਿਲੀ ਦਾ ਅਨੁਭਵ ਕਰ ਰਿਹਾ ਹੈ ਜਾਂ ਜੋਖਮ ਵਿੱਚ ਹੈ; ਅਤੇ
- ਨਤੀਜੇ ਵਜੋਂ, ਜੋ ਦੁਰਵਿਵਹਾਰ ਜਾਂ ਅਣਗਹਿਲੀ ਦੇ ਜੋਖਮ ਜਾਂ ਅਨੁਭਵ ਤੋਂ ਆਪਣੇ ਆਪ ਨੂੰ ਬਚਾਉਣ ਵਿੱਚ ਅਸਮਰੱਥ ਹੁੰਦੇ ਹਨ।

## ਦੁਰਵਿਵਹਾਰ ਕੌਣ ਕਰਦਾ ਹੈ ਅਤੇ ਇਹ ਕਿੱਥੇ ਹੁੰਦਾ ਹੈ?

ਦੁਰਵਿਵਹਾਰ ਕਿਤੇ ਵੀ ਹੋ ਸਕਦਾ ਹੈ - ਕਿਸੇ ਦੇ ਘਰ ਵਿੱਚ, ਕੇਅਰ ਹੋਮ ਵਿੱਚ, ਕੰਮ 'ਤੇ, ਡੇ ਸੈਂਟਰ ਵਿੱਚ ਜਾਂ ਹਸਪਤਾਲ ਵਿੱਚ। ਕੋਈ ਵੀ ਦੁਰਵਿਵਹਾਰ ਕਰਨ ਵਰਗਾ ਕੰਮ ਕਰ ਸਕਦਾ ਹੈ। ਇਹ ਮਹੱਤਵਪੂਰਨ ਹੈ ਕਿ ਤੁਸੀਂ ਹਰ ਸਮੇਂ ਸੰਭਾਵੀ ਦੁਰਵਿਵਹਾਰ ਪ੍ਰਤੀ ਸੁਚੇਤ ਰਹੋ।

# ਰੈੱਡਬ੍ਰਿਜ ਵਿੱਚ ਬਾਲਗਾਂ ਦੀ ਸੁਰੱਖਿਆ - ਮਿਲ ਕੇ ਅਸੀਂ ਦੁਰਵਿਵਹਾਰ ਨੂੰ ਰੋਕ ਸਕਦੇ ਹਾਂ

## ਦੁਰਵਿਵਹਾਰ ਕੀ ਹੈ?

ਦੁਰਵਿਵਹਾਰ ਇੱਕ ਅਜਿਹੀ ਚੀਜ਼ ਹੈ ਜੋ ਕਿਸੇ ਵਿਅਕਤੀ ਨੂੰ ਕਿਸੇ ਤਰੀਕੇ ਨਾਲ ਨੁਕਸਾਨ ਪਹੁੰਚਾਉਂਦੀ ਹੈ, ਇਸ ਵਿੱਚ ਸ਼ਾਮਲ ਹੈ:

**ਸਰੀਰਕ** ਅਜਿਹੀ ਕੋਈ ਵੀ ਚੀਜ਼ ਜੋ ਸਰੀਰਕ ਨੁਕਸਾਨ ਪਹੁੰਚਾਉਂਦੀ ਹੈ, ਜਿਸ ਵਿੱਚ ਮਾਰਨਾ, ਧੱਕਾ ਦੇਣਾ, ਝਟਕਣਾ ਜਾਂ ਦਵਾਈ ਦੀ ਦੁਰਵਰਤੋਂ, ਰੋਕ ਲਗਾਉਣਾ ਜਾਂ ਅਣਉਚਿਤ ਸਰੀਰਕ ਸਜ਼ਾਵਾਂ ਸ਼ਾਮਲ ਹਨ।

**ਘਰੇਲੂ ਹਿੰਸਾ ਜਾਂ ਦੁਰਵਿਹਾਰ** ਜਿਸ ਵਿੱਚ ਮਨੋਵਿਗਿਆਨਕ, ਸਰੀਰਕ, ਜਿਨਸੀ, ਵਿੱਤੀ, ਭਾਵਨਾਤਮਕ ਸ਼ੋਸ਼ਣ ਅਤੇ ਅਖੌਤੀ 'ਸਨਮਾਨ' ਅਧਾਰਤ ਹਿੰਸਾ ਸ਼ਾਮਲ ਹੈ।

**ਜਿਨਸੀ** ਕੋਈ ਵੀ ਐਸੀ ਜਿਨਸੀ ਗਤੀਵਿਧੀ ਜਿਸਨੂੰ ਵਿਅਕਤੀ ਸਮਝਦਾ ਜਾਂ ਚਾਹੁੰਦਾ ਨਾ ਹੋਵੇ, ਜਿਸ ਵਿੱਚ ਜਿਨਸੀ ਸ਼ੋਸ਼ਣ ਵੀ ਸ਼ਾਮਲ ਹੈ।

**ਮਨੋਵਿਗਿਆਨਕ ਜਾਂ ਭਾਵਨਾਤਮਕ ਦੁਰਵਿਵਹਾਰ** ਜਿਸ ਵਿੱਚ ਚੀਕਣਾ, ਗਾਲਾਂ ਕੱਢਣੀਆਂ ਜਾਂ ਧਮਕੀਆਂ ਸ਼ਾਮਲ ਹਨ ਜੋ ਵਿਅਕਤੀ ਨੂੰ ਡਰ ਜਾਂ ਅਪਮਾਨਿਤ ਮਹਿਸੂਸ ਕਰਵਾਉਂਦੀਆਂ ਹਨ। ਇਸ ਵਿੱਚ ਔਨਲਾਈਨ ਧਮਕੀਆਂ (ਸਾਇਬਰ ਬੁਲੀਇੰਗ), ਸੇਵਾਵਾਂ ਜਾਂ ਸਹਾਇਤਾ ਤੋਂ ਗੈਰਵਾਜਬ ਇਨਕਾਰ ਵੀ ਸ਼ਾਮਲ ਹਨ।

**ਵਿੱਤੀ ਜਾਂ ਮਾਲੀ** ਚੋਰੀ, ਧੋਖਾਧੜੀ, ਇੰਟਰਨੈਟ ਦੁਆਰਾ ਠੱਗੀ, ਵਿਅਕਤੀ ਦੇ ਪੈਸੇ, ਲਾਭ, ਜਾਇਦਾਦ (ਕੋਇਲ), ਪੈਂਸ਼ਨ, ਬੈਂਕ ਖਾਤਾ ਜਾਂ ਹੋਰ ਸਮਾਨ ਦੀ ਗੈਰਕਾਨੂੰਨੀ ਜਾਂ ਗਲਤ ਵਰਤੋਂ।

**ਆਧੁਨਿਕ ਗੁਲਾਮੀ** ਜਿਸ ਵਿੱਚ ਗੁਲਾਮੀ, ਇਨਸਾਨੀ ਤਸਕਰੀ, ਮਜਬੂਰੀ ਮਜ਼ਦੂਰੀ ਜਾਂ ਘਰੇਲੂ ਗੁਲਾਮੀ ਸ਼ਾਮਲ ਹਨ ਜੋ ਵਿਅਕਤੀ ਨੂੰ ਦੁਰਵਿਹਾਰ ਭਰੀ ਅਤੇ ਅਨਮਾਨਵਿਕ ਜ਼ਿੰਦਗੀ ਵੱਲ ਧੱਕਦੀਆਂ ਹਨ।

# …… ਰੈੱਡਬ੍ਰਿਜ ਬਾਲਗ ਸੁਰੱਖਿਆ ਬੋਰਡ

Redbridge Safeguarding Adults



**ਪੱਖਪਾਤੀ** ਨਸਲੀ, ਲਿੰਗ ਆਧਾਰਿਤ ਜਾਂ ਉਮਰ, ਅਪਾਹਜਤਾ, ਲਿੰਗ ਪਛਾਣ, ਯੌਨ ਰੁਝਾਨ ਜਾਂ ਧਰਮ ਦੇ ਆਧਾਰ ‘ਤੇ ਕੀਤਾ ਗਿਆ ਜ਼ੁਲਮ।

**ਸੰਗਠਨਾਤਮਕ** ਕਿਸੇ ਸੰਸਥਾ ਜਾਂ ਖਾਸ ਦੇਖਭਾਲ ਵਿਵਸਥਾ ਜਿਵੇਂ ਕਿ ਹਸਪਤਾਲ, ਕੇਅਰ ਹੋਮ ਜਾਂ ਕਿਸੇ ਵਿਅਕਤੀ ਦੇ ਘਰ ਵਿੱਚ ਪ੍ਰਦਾਨ ਕੀਤੀ ਜਾਂਦੀ ਦੇਖਭਾਲ ਦੇ ਅੰਦਰ ਅਣਗਹਿਲੀ ਅਤੇ ਮਾੜੀ ਦੇਖਭਾਲ।

**ਅਣਗਹਿਲੀ ਅਤੇ ਭੁੱਲ-ਚੁੱਕ ਦੇ ਕੰਮ** ਲੋੜੀਂਦੀ ਮਦਦ, ਸਹਾਇਤਾ ਜਾਂ ਇਲਾਜ ਨਾ ਦੇਣਾ, ਜਿਸ ਵਿੱਚ ਖਾਣ-ਪੀਣ ਜਾਂ ਮੈਡੀਕਲ ਦੇਖਭਾਲ ਨਾ ਦੇਣਾ ਵੀ ਸ਼ਾਮਲ ਹੈ।

**ਸਵੈ-ਅਣਗਹਿਲੀ** ਆਪਣੀ ਨਿੱਜੀ ਸਫਾਈ, ਸਿਹਤ ਜਾਂ ਆਲੇ-ਦੁਆਲੇ ਦੇ ਵਾਤਾਵਰਨ ਦੀ ਦੇਖਭਾਲ ਨਾ ਕਰਨਾ।

**ਉੱਤਪੀੜਨ ਜਾਂ ਉਕਸਾਵਾ** ਜਦੋਂ ਕਿਸੇ ਵਿਅਕਤੀ ਜਾਂ ਸਮੂਹ ਨੂੰ ਅਜਿਹੀਆਂ ਅੱਤਵਾਦੀ ਰਾਜਨੀਤਿਕ, ਸਮਾਜਿਕ ਜਾਂ ਧਾਰਮਿਕ ਸੋਚਾਂ ਨੂੰ ਅਪਣਾਉਣ ਵੱਲ ਉਕਸਾਇਆ ਜਾਂਦਾ ਹੈ ਜੋ ਉਨ੍ਹਾਂ ਲਈ ਖਤਰਨਾਕ ਹੋ ਸਕਦੀਆਂ ਹਨ।

**ਔਰਤਾਂ ਦੇ ਜਣਨ ਅੰਗਾਂ ਦਾ ਕੱਟਣਾ (FGM)** ਬਿਨਾ ਡਾਕਟਰੀ ਕਾਰਨਾਂ ਕਰਕੇ ਬਾਹਰੀ ਮਾਦਾ ਜਣਨ ਅੰਗ ਨੂੰ ਅੰਸ਼ਕ ਜਾਂ ਪੂਰੀ ਤਰ੍ਹਾਂ ਕੱਟਣਾ।